# ਐੱਮ.ਏ.ਪੰਜਾਬੀ

## ਸਾਹਿਤ ਸਿੱਧਾਂਤ ਅਤੇ ਭਾਰਤੀ ਕਾਵਿ ਸ਼ਾਸਤਰ

# ਯੂਨਿਟ-2

## ਰਹੱਸਵਾਦ

# ਰਹੱਸਵਾਦ

- ਰਹੱਸਵਾਦ ਪ੍ਰਵਿਰਤੀ ਦਾ ਵਸਤੂ-ਵਿਸ਼ੇਸ ਹਮੇਸ਼ਾ ਅਧਿਆਤਮਕ ਅਨੁਭਵ ਹੁੰਦਾ ਹੈ।ਇਹ ਅਨੁਭਵ ਆਪਣੇ ਸਰੂਪ ਵਜੋਂ ਅਰੂਪ ਤਥਾ ਸੁਭਾਅ ਵਜੋਂ ਅਕੱਥ ਹੁੰਦਾ ਹੈ।ਇਸਦਾ ਵਸਤੂ ਵਿਸ਼ੇਸ ਕੇਵਲ ਹੰਢਾਇਆ ਜਾ ਸਕਦਾ ਹੈ,ਵਰਤਾਇਆ ਨਹੀਂ ਜਾ ਸਕਦਾ,ਮਾਣਿਆ ਜਾ ਸਕਦਾ ਹੈ,ਬਿਆਨਿਆ ਨਹੀਂ ਜਾ ਸਕਦਾ ਹੈ।ਕਿਉਂਕਿ ਇਹ ਮਨੁੱਖੀ ਇੰਦਰੀਆਂ(Sensing Organs)ਦੀ ਪਹੁੰਚ ਤੋਂ ਪਰੇ ਦੀ ਕੋਈ ਸਹਿਜ ਪ੍ਰਤੀਤੀ ਹੁੰਦੀ ਹੈ।

# ਵਾਲਟਰ.ਟੀ.ਸਟੇਸ

- "ਰਹੱਸਵਾਦ ਇੱਕ ਅਜਿਹੀ ਚੇਤਨਾ ਹੈ,ਜਿਸ ਦੁਆਰਾ ਕਿਸੇ ਅਦ੍ਰਿਸ਼ ਏਕਤਾ ਦਾ ਬੋਧ ਪ੍ਰਾਪਤ ਹੋ ਜਾਂਦਾ ਹੈ।"

ਇਸ ਪ੍ਰਵਿਰਤੀ ਅਧੀਨ ਸਾਹਿਤਕਾਰਾਂ ਨੇ ਮਨੁੱਖ ਨੂੰ ਧਰਮ ਦੇ ਆਤਮਿਕਤਾ ਵਾਲੇ ਉਚੇ ਪੱਖ ਨਾਲ ਜੁੜਣ ਦੀ ਸਿੱਖਿਆ ਦੇ ਕੇ ਮਨੁੱਖਤਾ ਦੇ ਕਵੀ ਹੋਣ ਦਾ ਸਬੂਤ ਦਿੱਤਾ।

# ਰਹੱਸਵਾਦ ਦਾ ਅਰਥ

- ਰਹੱਸਵਾਦ ਸ਼ਬਦ  2 ਸ਼ਬਦਾ ਦੇ ਸੁਮੇਲ ਤੋਂ ਬਣਿਆ ਹੈ,ਰਹੱਸ+ਵਾਦ।ਰਹੱਸ ਦੇ ਕੋਸ਼ਗਤ ਅਰਥ–ਰਾਜ,ਗੁਪਤ,ਭੇਦ,ਛੁਪਾਉਣ ਲਾਇਕ ਕੋਈ ਬਾਤ।

# ਵਾਦ ਸ਼ਬਦ ਦਾ ਅਰਥ

- ਵਾਦ ਸ਼ਬਦ ਦਾ ਅਰਥ ਜਦੋਂ ਕੋਈ ਵਿਚਾਰ ਪ੍ਰੋੜ ਅਵਸਥਾ ਵਿਚ ਪ੍ਰਵੇਸ਼ ਕਰ ਜਾਂਦਾ ਹੈ ਤਾਂ ਉਹ ਵਾਦ ਬਣ ਜਾਂਦਾ ਹੈ। ਇਸ ਪ੍ਰਕਾਰ ਰਹੱਸਵਾਦ ਅਧੀਨ ਗੁੰਝਲਾਂ ਤੇ ਲੁਕਵਾ ਹੁੰਦਾ ਹੈ।

# ਵਿਲੀਅਮ.ਜ਼ੇਮਸ

- “ਉਸ ਅਨੁਭੂਤੀ ਦਾ ਨਾਮ ਰਹੱਸਵਾਦ ਹੈ,ਜਿਸ ਵਿਚ ਅਸੀ ਨਾ ਕੇਵਲ ਕਿਸੇ ਨਿਰਪੇਖ ਸੱਤਾ ਨਾਲ ਇਕ ਸੱਤਾ ਨਾਲ ਰੂਪ ਜਾਂਦੇ ਹਾਂ,ਸਗੋਂ ਅਜਿਹੀ ਇਕਰੂਪਤਾ ਦਾ ਅਬਾਸ ਵੀ ਸਾਨੂੰ ਹੋ ਜਾਂਦਾ ਹੈ। ”

# ਰਹੱਸਵਾਦ ਅਤੇ ਸਹਿਤ

- ਮਨੁੱਖੀ ਜੀਵਨ ਦੇ ਕਈ ਅਨੁਭਵ ਰਹੱਸਮਈ ਹਨ।ਰਹੱਸਮਈ ਅਨੁਭਵ ਜਦੋਂ ਸਾਹਿਤ ਵਿਚ ਬਿਆਨ ਕੀਤੇ ਜਾਂਦੇ ਉਸ ਸਾਹਿਤ ਨੂੰ ਰਹੱਸਵਾਦੀ ਮੰਨਿਆ ਜਾਂਦਾ ਹੈ।ਇਸ ਲਈ ਕਈ ਵਾਰ ਅਧਿਆਤਮਵਾਦੀ ਸਾਹਿਤ ਵੀ ਵਰਤਿਆ ਜਾਂਦਾ ਹੈ।

# ਸਾਹਿਤ ਵਿਚ ਰਹੱਸਵਾਦ

- ਰਹੱਸਵਾਦ ਚੁੱਪ ਦੀ ਅਵਾਜ਼ (The Voice of Silence)ਹੈ।ਮਨੁੱਖੀ ਬੋਲੀ ਅਜਿਹੇ ਅਨੁਭਵ ਦੀ ਅਭਿਵਿਅਕਤੀ ਲਈ ਬੜਾ,ਅਲਪ,ਅਧੂਰਾ ਤਥਾ ਅਪੂਰਣ ਜਿਹਾ ਮਾਧਿਅਮ ਹੈ।

# ਰਹੱਸਵਾਦੀ ਪ੍ਰਵਿਰਤੀ ਦੇ ਲੱਛਣ

- 1. ਪ੍ਰਮਾਤਮਾ ਦੀ ਹੋਂਦ ਵਿਚ ਅੱਟਲ ਵਿਸ਼ਵਾਸ ਤੇ ਉਸਦੇ ਮਿਲਾਪ ਲਈ ਸੱਚਾ ਇਸ਼ਕ।
- 2. ਪ੍ਰਮਾਤਮਾ ਦੀ ਸਰਵ ਵਿਆਪਕਤਾ ਤੇ ਸਾਂਝੀਵਾਲਤਾ ਵਿਚ ਪੱਕਾ ਵਿਸ਼ਵਾਸ।
- 3. ਵਿਅਕਤੀ ਤੇ ਵਿਆਪਕ ਵਿਚਾਰ ਤਦਰੂਪਤਾ,ਤਦਾਤਮਿਕਤਾ ਦੀ ਭਾਵਨਾ ਦਾ ਉਦਭਵ।

# ਲੱਛਣ

- 4.ਦ੍ਰਿਸ਼ਟਮਾਨ ਸੰਸਾਰ ਦੀ ਨਾਸ਼ਮਾਨਤਾ ਦਾ ਅਹਿਸਾਸ ਤੇ ਇਸ ਤੋਂ ਨਿਰਲੇਪ ਰਹਿਣ ਦੀ ਇੱਛਾ।
- 5. ਹਉਮੈਂ ਨਿਵ੍ਰਿਤੀ ਲਈ ਯਤਨਸ਼ੀਲ।
- 6.ਰੱਬੀ ਭਾਵਾਂ ਤੇ ਰੱਬੀ ਰਜਾ ਵਿਚ ਪ੍ਰਸੰਨਤਾ ਵਿਚ ਦਮਨ ਹੋ ਜਾਂਦਾ ਹੈ।
- 7. ਬ੍ਰਹਮੰਡੀ ਚੇਤਨਾ ਦਾ ਉਦਭਵ।

# ਏ.ਕੇਅਰਡ

- "ਰਹੱਸਵਾਦ ਇਕ ਅਜਿਹੀ ਮਨੋਵਿਰਤੀ ਹੈ,ਜਿਸਦੇ ਪੈਦਾ ਹੋ ਜਾਣ ਨਾਲ ਹੋਰ ਸਾਰੇ ਪ੍ਰਬੰਧ ਈਸ਼ਵਰ ਪ੍ਰਤੀ ਆਤਮਾ ਦੇ ਸੰਬੰਧ ਵਿਚ ਵਿਲੀਨ ਹੋ ਜਾਂਦੇ ਹਨ। "

# ਰਹੱਸਵਾਦ ਦੀ ਪਰੰਪਰਾ

- ਪੰਜਾਬੀ ਸਾਹਿਤ ਨੂੰ ਸਮਝਣ ਲਈ ਇਸਦੀ ਸਾਹਿਤਕ ਦੀ ਪਰੰਪਰਾ ਨੂੰ ਜਾਨਣਾ ਜ਼ਰੂਰੀ ਹੈ।ਮੱਧਕਾਲੀ ਸਾਹਿਤ ਵਿਚ ਰਹੱਸਵਾਦ ਦੀ ਪ੍ਰਵਿਰਤੀ ਆਪਣੇ ਪੂਰੇ ਜੋਬਨ ਤੇ ਮਿਲਦੀ ਹੈ।

# ਪੰਜਾਬੀ ਵਿਚ ਰਹੱਸਵਾਦ ਦੇ ਸੋੋਫੀ

- ਸ਼੍ਰਿਸਟੀ ਤੇ ਪ੍ਰਮਾਤਮਾ ਸੰਬੰਧੀ ਗੁੱਝੇ ਭੇਦਾ ਅਤੇ ਰਹੱਸਾ ਨੂੰ ਮੱਧਕਾਲੀ ਸਮੇਂ ਦੇ ਸੰਤਾ,ਭਗਤਾਂ,ਸੂਫੀਆਂ ਤੇ ਸਾਧਕਾ ਨੇ ਆਪਣੇ ਕਾਵਿ ਵਿਚ ਬੜੇ ਰਹੱਸਮਈ ਤੇ ਵਿਲੱਖਣ ਢੰਗ ਨਾਲ ਪੇਸ਼ ਕੀਤਾ ਹੈ।ਸ਼ੇਖ ਫ਼ਰੀਦ,ਸ਼ਾਹ ਹੁਸੈਨ,ਸੁਲਤਾਨ ਬਾਹੂ,ਆਦਿ ਕਵੀਆਂ ਨੇ ਆਪਣੀਆਂ ਕਵਿ ਕਿਰਤਾਂ ਰਾਹੀਂ ਰਹੱਸਵਾਦੀ ਸੋਚ ਉਪਰ ਪਹਿਰਾ ਦਿੱਤਾ।

# ਗੁਰਮਿਤ ਕਾਵਿ ਵਿਚ ਰਹੱਸਵਾਦ

- ਇਹ ਪਰੰਪਰਾ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਈ,ਗੁਰੂ ਅੰਗਦ ਦੇਵ ਜੀ,ਗੁਰੂ ਰਾਮਦਾਸ ਜੀਨੇ ਵੀ ਗੁਰਮਤਿ ਕਾਵਿ ਨੂੰ ਪ੍ਰਫੁਲਿਤ ਕਰਨ ਵਿਚ ਆਪਣਾ ਯੋਗਦਾਨ ਪਾਇਆ। "ਗੁਰੂ ਗ੍ਰੰਥ ਸਾਹਿਬ" ਦੀ ਸਾਰੀ ਕਵਿਤਾ ਆਪਣੇ ਵਿਚ ਰਹੱਸਵਾਦੀ ਹੈ।

# ਨਿਸ਼ਕਰਸ਼

ਸਮੁੱਚੇ ਰੂਪ ਵਿਚ ਰਹੱਸਵਾਦ ਨੂੰ ਪੰਜਾਬੀ ਸਾਹਿਤ ‘ਚ ਸੂਫ਼ੀਵਾਦ,ਗੁਰਮਿਤ ਸਾਹਿਤ ਨੇ ਅਗਾਹ ਵਧਾਇਆ।

ਆਧੁਨਿਕ ਸਾਹਿਤ ਵਿਚ ਭਾਈ ਵੀਰ ਸਿੰਘ ,ਪ੍ਰੋ ਪੂਰਣ ਸਿੰਘ,ਧਨੀ ਰਾਮ ਚਾਤ੍ਰਿਕ,ਲਾਲਾ ਕਿਰਪਾ ਸਾਗਰ ਆਦਿ ਕਵੀਆਂ ਨੇ ਇਸ ਵਿਚ ਹੋਰ ਇਜ਼ਾਫਾ ਕੀਤਾ।